# ਓਨਟੇਰੀਓ ਵਿੱਚ ਮਨੁੱਖੀ ਹੱਕ ਅਤੇ ਗਰਭ

ਓਨਟੇਰੀਓ *ਹਿਊਮਨ ਰਾਈਟਸ ਕੋਡ* ਤਹਿਤ ਕਿਸੇ ਔਰਤ ਨਾਲ ਇਸ ਵਜ੍ਹਾ ਕਰ ਕੇ ਵਿਤਕਰਾ ਕਰਨਾ ਗ਼ੈਰਕਾਨੂੰਨੀ ਹੈ ਕਿਉਂਕਿ ਉਹ ਗਰਭਵਤੀ ਹੈ, ਗਰਭਵਤੀ ਸੀ, ਉਸ ਨੂੰ ਬੱਚਾ ਹੋਇਆ ਸੀ, ਜਾਂ ਗਰਭਵਤੀ ਹੋ ਸਕਦੀ ਹੈ। ਮਨੁੱਖੀ ਹੱਕਾਂ ਸੰਬੰਧੀ ਹਿਫਾਜ਼ਤਾਂ ਰੋਜ਼ਗਾਰ ਵਾਲੀ ਥਾਂ, ਸੇਵਾਵਾਂ ਅਤੇ ਪਰਿਸਰਾਂ, ਅਤੇ ਰਿਹਾਇਸ਼ ਦੇ ਮਾਮਲਿਆਂ ਵਿੱਚ ਵੀ ਲਾਗੂ ਹੁੰਦੀਆਂ ਹਨ।

## ਰੋਜ਼ਗਾਰ ਵਾਲੀ ਜਗ੍ਹਾ ਵਿਖੇ

### ਇੰਟਰਵਿਊਆਂ

ਰੋਜ਼ਗਾਰ ਲਈ ਕਿਸੇ ਇੰਟਰਵਿਊ ਵੇਲੇ ਰੋਜ਼ਗਾਰਦਾਤਾ ਵਾਸਤੇ ਤੁਹਾਡੇ ਤੋਂ ਇਹ ਪੁੱਛਣਾ ਕਿ “ਕੀ ਤੁਸੀਂ ਗਰਭਵਤੀ ਹੋ?”, “ਕੀ ਤੁਸੀਂ ਪਰਿਵਾਰ ਵਾਲੇ ਹੋ?”, ਜਾਂ “ਕੀ ਤੁਹਾਡਾ ਇਰਾਦਾ ਪਰਿਵਾਰ ਵਾਲੇ ਬਣਨ ਦਾ ਹੈ?” ਗ਼ੈਰਕਾਨੂੰਨੀ ਹੋਵੇਗਾ।

### ਰੋਜ਼ਗਾਰ ਵਿਖੇ

ਤੁਹਾਨੂੰ ਇਸ ਵਜ੍ਹਾ ਕਰ ਕੇ ਨੌਕਰੀ ਤੋਂ ਕੱਢ ਦੇਣਾ, ਤੁਹਾਡਾ ਅਹੁਦਾ ਘਟਾ ਦੇਣਾ, ਜਾਂ ਤੁਹਾਡੀ ਛਾਂਟੀ ਕਰਨਾ (ਭਾਵੇਂ ਉਸ ਲਈ ਨੋਟਿਸ ਵੀ ਦਿੱਤਾ ਹੋਵੇ) ਗ਼ੈਰਕਾਨੂੰਨੀ ਹੋਵੇਗਾ ਕਿ ਤੁਸੀਂ ਗਰਭਵਤੀ ਹੋ ਜਾਂ ਹੋ ਸਕਦੇ ਹੋ।

ਜਦੋਂ ਤੁਸੀਂ ਗਰਭਵਤੀ ਹੋ ਜਾਂਦੇ ਹੋ ਜਾਂ ਹੋ ਸਕਦੇ ਹੋਵੋਂ ਤਾਂ ਨਿਆਂਪੂਰਨ ਸਲੂਕ ਮਿਲਣਾ ਤੁਹਾਡਾ ਹੱਕ ਹੈ। ਇਹ ਵੀ ਤੁਹਾਡਾ ਹੱਕ ਹੈ ਕਿ ਤੁਹਾਡਾ ਰੋਜ਼ਗਾਰ ਬਰਕਰਾਰ ਰਹੇ ਅਤੇ ਤੁਹਾਨੂੰ ਕਿਸੇ ਤਰੱਕੀ, ਸਿਖਲਾਈ, ਚੁਣੌਤੀ-ਭਰਪੂਰ ਪ੍ਰਾਜੈਕਟਾਂ, ਜਾਂ ਗਰਭ ਤੋਂ ਬਾਅਦ ਰੋਜ਼ਗਾਰ ਵਾਪਸੀ ਤੋਂ ਵਾਂਝਿਆਂ ਨਾ ਰੱਖਿਆ ਜਾਵੇ।

### ਤੁਹਾਡੀਆਂ ਲੋੜਾਂ

ਕਿਉਂਕਿ ਤੁਸੀਂ ਗਰਭਵਤੀ ਹੋਣਾ ਚਾਹੁੰਦੇ ਹੋ, ਗਰਭਵਤੀ ਹੋ, ਜਾਂ ਤੁਹਾਨੂੰ ਹਾਲ ਹੀ ਵਿੱਚ ਬੱਚਾ ਹੋਇਆ ਹੈ, ਹੋ ਸਕਦਾ ਹੈ ਤੁਹਾਡੀਆਂ ਖਾਸ ਲੋੜਾਂ ਹੋਣ। ਰੋਜ਼ਗਾਰਦਾਤਾਵਾਂ ਦੀ ਜ਼ਿੰਮੇਵਾਰੀ ਹੈ ਕਿ ਜਿਨ੍ਹਾਂ ਔਰਤਾਂ ਦੀਆਂ ਗਰਭ ਨਾਲ ਸੰਬੰਧਤ ਖਾਸ ਲੋੜਾਂ ਹੋਣ, ਉਨ੍ਹਾਂ ਦੀ ਮਦਦ ਕਰਨ। ਇਸ ਨੂੰ “ਅਕੱਮੋਡੇਸ਼ਨ” (accommodation) ਕਿਹਾ ਜਾਂਦਾ ਹੈ ਅਤੇ ਇਸਦਾ ਮਤਲਬ ਲਿਹਾਜ਼ ਕਰਨਾ ਹੁੰਦਾ ਹੈ।

ਰੋਜ਼ਗਾਰਦਾਤਾਵਾਂ ਨੂੰ ਚਾਹੀਦਾ ਹੈ ਕਿ ਤੁਹਾਡੀ ਸਿਹਤ ਖ਼ਾਤਰ ਤੁਹਾਡੇ ਕੰਮ-ਕਾਜ ਵਿਚ ਤਬਦੀਲੀ ਕਰਨ ਜਾਂ ਨਿਯਮਾਂ ਨੂੰ ਸੋਧਣ। ਇਸ ਵਿੱਚ ਤੁਹਾਡੇ ਕੰਮ-ਕਾਜ ਵਿੱਚ ਤਬਦੀਲੀ ਜਾਂ ਤੁਹਾਡੀ ਸ਼ਿਫਟ ਬਦਲਣਾ, ਕੰਮ ਦੌਰਾਨ ਤੁਹਾਨੂੰ ਦਮ ਦਵਾਉਣਾ, ਅਤੇ/ਜਾਂ ਖਾਸ ਸਿਹਤ ਲੋੜਾ ਜਾਂ ਹੋਰ ਲੋੜਾਂ ਕਾਰਣ ਛੁੱਟੀ ਦੇਣਾ ਸ਼ਾਮਲ ਹੈ। ਤੁਹਾਡੇ ਰੋਜ਼ਗਾਰਦਾਤਾ ਨੂੰ ਇਸ ਗੱਲ ਦੀ ਇਜਾਜ਼ਤ ਹੈ ਕਿ ਉਹ ਤੁਹਾਨੂੰ ਅਜਿਹੀ ਜਾਣਕਾਰੀ ਲਿਆ ਕੇ ਦੇਣ ਲਈ ਕਹੇ ਜਿਸ ਤੋਂ ਸਾਬਤ ਹੋਵੇ ਕਿ ਤੁਹਾਨੂੰ ਕੰਮ-ਕਾਜ ਵਿੱਚ ਜਾਂ ਕਾਰਜ-ਕ੍ਰਮ ਵਿੱਚ ਤਬਦੀਲੀਆਂ ਡਾਕਟਰੀ ਕਾਰਣਾਂ ਕਰ ਕੇ ਚਾਹੀਦੀਆਂ ਹਨ।

*ਕੋਡ* ਤਹਿਤ ਜੇ ਰੋਜ਼ਗਾਰਦਾਤਾ ਨੇ ਇਹ ਦਾਅਵਾ ਕਰਨਾ ਹੋਵੇ ਕਿ ਤੁਹਾਡੇ ਗਰਭਵਤੀ ਹੋਣ ਦੌਰਾਨ ਉਹ ਤੁਹਾਡੇ ਨਾਲ “ਲਿਹਾਜ਼” ਨਹੀਂ ਕਰ ਸਕਦਾ ਤਾਂ ਉਸ ਨੂੰ ਸਾਬਤ ਕਰਨਾ ਪਵੇਗਾ ਕਿ ਉਸ ਨੂੰ “ਨਾਵਾਜਬ ਔਖਿਆਈ” ਪੇਸ਼ ਹੈ। ਇਸ ਦਾ ਮਤਲਬ ਹੈ ਕਿ ਉਸ ਨੂੰ ਸਾਬਤ ਕਰਨਾ ਪਵੇਗਾ ਕਿ ਤੁਹਾਡੇ ਗਰਭ ਨਾਲ ਸੰਬੰਧਤ ਸਿਹਤ ਜਾਂ ਸੁਰੱਖਿਆ ਦੇ ਜ਼ੋਖਮ ਮੌਜੂਦ ਹਨ, ਜਾਂ ਇਹ ਕਿ ਤੁਹਾਡੇ ਗਰਭਵਤੀ ਹੋਣ ਨਾਲ ਸੰਬੰਧਤ ਖਾਸ ਲੋੜਾਂ ਨੂੰ ਪੂਰਾ ਕਰਨਾ ਇੰਨਾ ਮਹਿੰਗਾ ਹੋਵੇਗਾ ਕਿ ਇਸ ਨਾਲ ਕਾਰੋਬਾਰ ਚਲਾਉਣ ਵਿੱਚ ਖਲਲ ਪਵੇਗਾ।

ਤੁਹਾਨੂੰ *ਐਮਪਲਾਇਮੈਂਟ ਸਟੈਂਡਰਡਜ਼ ਐਕਟ* ਕਾਨੂੰਨ ਤਹਿਤ ਵੀ ਹਿਫਾਜ਼ਤ ਮਿਲਦੀ ਹੈ। *ਐਮਪਲਾਇਮੈਂਟ ਸਟੈਂਡਰਡਜ਼ ਐਕਟ* ਅਧੀਨ 17 ਹਫਤਿਆਂ ਦੀ **ਗਰਭ ਕਾਲ ਲਈ ਛੁਟੀ** ਮਿਲਦੀ ਹੈ ਜਿਸ ਦੇ ਤੁਰੰਤ ਬਾਅਦ 35 ਹਫਤਿਆਂ ਲਈ ਮਾਤਾ-ਪਿਤਾ ਦੇ ਫਰਜ਼ ਨਿਭਾਉਣ ਲਈ ਛੁੱਟੀ ਮਿਲਦੀ ਹੈ, ਜਾਂ, ਜੇ ਗਰਭ ਕਾਲ ਦੌਰਾਨ ਛੁੱਟੀ ਨਾ ਲਈ ਜਾਵੇ ਤਾਂ ਮਾਤਾ-ਪਿਤਾ ਦੇ ਫਰਜ਼ ਨਿਭਾਉਣ ਲਈ 37 ਹਫਤਿਆਂ ਦੀ ਛੁੱਟੀ ਲਈ ਜਾ ਸਕਦੀ ਹੈ। ਤੁਹਾਡਾ ਰੋਜ਼ਗਾਰਦਾਤਾ ਤੁਹਾਨੂੰ ਦੱਸ ਨਹੀਂ ਸਕਦਾ ਕਿ ਤੁਸੀਂ ਮਾਤਾ ਦੇ ਤੌਰ ’ਤੇ ਛੁੱਟੀ ਕਦੋਂ ਸ਼ੁਰੂ ਕਰਨੀ ਹੈ। ਜਦੋਂ ਤਕ ਤੁਹਾਡੀ ਸਿਹਤ ਇਜਾਜ਼ਤ ਦੇਵੇ, ਤੁਹਾਨੂੰ ਬੱਚੇ ਦੇ ਜਨਮ ਤਕ ਕੰਮ ’ਤੇ ਜਾਣ ਦੀ ਇਜਾਜ਼ਤ ਹੈ ਬਸ਼ਰਤੇ ਕਿ ਤੁਹਾਡਾ ਰੋਜ਼ਗਾਰਦਾਤਾ ਤੁਹਾਡੀਆਂ ਖਾਸ ਲੋੜਾਂ ਪੂਰੀਆਂ ਨਾ ਕਰ ਸਕੇ।

ਗਰਭ ਕਾਲ ਦੌਰਾਨ ਛੁੱਟੀ ਅਤੇ *ਐਮਪਲਾਇਮੈਂਟ ਸਟੈਂਡਰਡਜ਼ ਐਕਟ* ਬਾਰੇ ਵਧੇਰੇ ਵੇਰਵੇਦਾਰ ਜਾਣਕਾਰੀ ਲਈ ਤੁਸੀਂ ਮਨਿਸਟਰੀ ਆਫ਼ ਲੇਬਰ ਦੀ **ਐਮਪਲਾਇਮੈਂਟ ਸਟੈਂਡਰਡਜ਼ ਬਰਾਂਚ** ਨਾਲ ਸੰਪਰਕ ਕਰ ਸਕਦੇ ਹੋ ਜਾਂ ਸੂਬੇ ਭਰ ਵਿੱਚੋਂ ਟੌਲ-ਫ੍ਰੀ 1-800-531-5551 'ਤੇ ਫ਼ੋਨ ਵੀ ਕਰ ਸਕਦੇ ਹੋ। ਜੱਚਾ ਦੇ ਤੌਰ 'ਤੇ ਮਿਲਣ ਵਾਲੇ ਲਾਭਾਂ ਲਈ **ਹਿਊਮਨ ਰਿਸੋਰਸਿਜ਼ ਡਿਵੈਲਪਮੈਂਟ ਕੈਨੇਡਾ** ਨਾਲ ਸੰਪਰਕ ਕਰੋ ਜਾਂ ਅੰਗਰੇਜੀ ਵਿੱਚ ਗੱਲਬਾਤ ਕਰਨ ਲਈ 1-800-277-9914 'ਤੇ ਫ਼ੋਨ ਕਰੋ।

## ਸੇਵਾਵਾਂ ਅਤੇ ਸਹੂਲਤਾਂ

ਤੁਹਾਡਾ ਹੱਕ ਹੈ ਕਿ ਸੇਵਾਵਾਂ – ਰੈਸਟੋਰੈਂਟਾਂ, ਸਟੋਰਾਂ ਅਤੇ ਸ਼ਾਪਿੰਗ ਮਾਲਾਂ ਅਤੇ ਪਾਰਕਾਂ ਵਰਗੀਆਂ ਥਾਵਾਂ ਸਮੇਤ – ਬਿਨਾ ਕਿਸੇ ਵਿਤਕਰੇ ਦੇ ਵਰਤ ਸਕੋਂ। ਬੱਚੇ ਨੂੰ ਦੁੱਧ ਚੁੰਘਾਉਣ ਵਾਲੀ ਮਾਂ ਦੇ ਤੌਰ 'ਤੇ ਵੀ ਤੁਹਾਡੇ ਹੱਕ ਹਨ। ਮਿਸਾਲ ਵਜੋਂ ਤੁਹਾਨੂੰ ਕਿਸੇ ਵੀ ਜਨਤਕ ਥਾਂ 'ਤੇ ਬੱਚੇ ਨੂੰ ਦੁੱਧ ਚੁੰਘਾਉਣ ਦਾ ਹੱਕ ਹੈ। ਕਿਸੇ ਨੂੰ ਵੀ ਤੁਹਾਨੂੰ ਇਹ ਨਹੀਂ ਕਹਿਣਾ ਚਾਹੀਦਾ ਕਿ ਕਿਸੇ ਜਨਤਕ ਥਾਂ 'ਤੇ ਬੱਚੇ ਨੂੰ ਦੁੱਧ ਨਾ ਚੁੰਘਾਉ ਜਾਂ ਕਿਸੇ ਅਜਿਹੀ ਥਾਂ ਵੱਲ ਨੂੰ ਚਲੇ ਜਾਉ ਜਿੱਥੇ ਕੁੱਝ ਓਹਲਾ ਹੋਵੇ। ਤੁਹਾਡੇ ਵੱਲੋਂ ਸਟਰੌਲਰ ਲਿਆਉਣ 'ਤੇ ਪਾਬੰਦੀ ਲਾਉਣਾ ਜਾਂ ਦਾਖ਼ਲਾ ਨਾਮੁਮਕਿਨ ਬਣਾ ਦੇਣਾ *ਕੋਡ* ਦੀ ਉਲੰਘਣਾ ਹੋ ਸਕਦੀ ਹੈ।

## ਰਿਹਾਇਸ਼

ਤੁਹਾਨੂੰ ਹੱਕ ਹੈ ਕਿ ਬਿਨਾ ਕਿਸੇ ਵਿਤਕਰੇ ਦੇ ਕੋਈ ਅਪਾਰਟਮੈਂਟ ਕਿਰਾਏ 'ਤੇ ਲੈ ਸਕੋਂ, ਕੋਈ ਪਟਾ ਜਾਂ ਕੋਈ ਹੋਰ ਇਕਰਾਰਨਾਮਾ ਕਰ ਸਕੋਂ। ਇਸ ਵਜ੍ਹਾ ਕਰ ਕੇ ਤੁਹਾਨੂੰ ਕਿਸੇ ਵੱਲੋਂ ਅਪਾਰਟਮੈਂਟ ਕਿਰਾਏ 'ਤੇ ਦੇਣ ਤੋਂ ਨਾਂਹ ਕਰਨਾ ਗ਼ੈਰਕਾਨੂੰਨੀ ਹੋ ਸਕਦਾ ਹੈ ਕਿ ਤੁਸੀਂ ਗਰਭਵਤੀ ਹੋ, ਤੁਹਾਡੇ ਬੱਚਾ ਹੋਇਆ ਹੈ ਜਾਂ ਤੁਸੀਂ ਗਰਭਵਤੀ ਹੋ ਸਕਦੇ ਹੋ। "ਸਿਰਫ ਬਾਲਗ਼ਾਂ ਲਈ" ਇਮਾਰਤਾਂ (ਸਿਵਾਏ ਕੁੱਝ ਬਹੁਤ ਸਪਸ਼ਟ ਛੋਟਾਂ ਵਾਲੀਆਂ ਤੋਂ) ਗ਼ੈਰਕਾਨੂੰਨੀ ਹਨ। ਤੁਹਾਡੇ ਬੱਚੇ ਦੇ ਜਨਮ ਤੋਂ ਬਾਅਦ ਮਕਾਨ ਮਾਲਕ ਇਸ ਕਰ ਕੇ ਤੁਹਾਡੇ ਤੋਂ ਮਕਾਨ ਖਾਲੀ ਕਰਾਉਣ ਦੀ ਧਮਕੀ ਨਹੀਂ ਦੇ ਸਕਦਾ ਕਿ ਤੁਹਾਡੇ ਘਰ "ਰੌਲਾ" ਪੈਣ ਲੱਗ ਪਿਆ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਸ ਨੂੰ ਪਰਿਵਾਰਕ ਰੁਤਬੇ ਦੇ ਆਧਾਰ 'ਤੇ ਵਿਤਕਰਾ ਅਤੇ *ਕੋਡ* ਦੀ ਉਲੰਘਣਾ ਮੰਨਿਆ ਜਾਵੇਗਾ। ਜਦੋਂ ਤਕ ਤੁਸੀਂ ਗਵਾਂਢੀਆਂ ਤੇ ਰੌਲੇ-ਗੌਲੇ ਦਾ ਅਸਰ ਘਟਾਉਣ ਲਈ ਵਾਜਬ ਕੋਸ਼ਿਸ਼ ਕਰਦੇ ਹੋ, ਉਦੋਂ ਤਕ ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਨਿੱਕੇ ਬੱਚਿਆਂ ਵਾਲੇ ਟੱਬਰਾਂ ਵਿੱਚ ਕੁੱਝ ਹੱਦ ਤਕ ਰੌਲਾ-ਗੌਲਾ ਪੈਂਦਾ ਰਹੇਗਾ।

# ਆਪਣੇ ਹੱਕਾਂ ਦੀ ਰਾਖੀ ਕਰਨਾ

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਹੱਕਾਂ ਦੀ ਉਲੰਘਣਾ ਹੋਈ ਹੈ, ਤੁਸੀਂ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਅਰਜ਼ੀ ਦਾਇਰ ਕਰ ਸਕਦੇ ਹੋ।

## ਅਰਜ਼ੀ ਦਾਇਰ ਕਰਨਾ

ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਉਨਾਂ ਸਭ ਦਾਅਵਿਆਂ ਨਾਲ ਨਿਪਟਦਾ ਹੈ ਜੋ ਓਨਟੇਰੀਓ *ਹਿਊਮਨ ਰਾਈਟਸ ਕੋਡ* ਤਹਿਤ ਦਾਇਰ ਕੀਤੇ ਜਾਂਦੇ ਹਨ। ਟ੍ਰਿਬਿਊਨਲ ਵੱਲੋਂ ਅਰਜ਼ੀਆਂ ਦਾ ਨਿਪਟਾਰਾ ਸਾਲਸੀ ਜਾਂ ਅਦਾਲਤੀ ਕਾਰਵਾਈ ਰਾਹੀਂ ਕੀਤਾ ਜਾਂਦਾ ਹੈ। ਹੇਠ ਲਿਖੇ ਮਾਮਲਿਆਂ ਲਈ ਟ੍ਰਿਬਿਊਨਲ ਨਾਲ ਸੰਪਰਕ ਕੀਤਾ ਜਾ ਸਕਦਾ ਹੈ:

- ਵਿਤਕਰੇ ਦਾ ਦਾਅਵਾ ਕਰਨ ਲਈ ਅਰਜ਼ੀ ਵਾਸਤੇ
- ਆਪਣੇ ਨਾਲ ਵਾਪਰੇ ਵਿਤਕਰੇ ਬਾਰੇ ਅਰਜ਼ੀ ਭਰਨ ਲਈ ਗਾਈਡ ਵਾਸਤੇ
- ਵਿਤਕਰੇ-ਭਰੇ ਸਲੂਕ ਬਾਰੇ ਅਰਜ਼ੀ ਦਾਇਰ ਕਰਨ ਦੀ ਕਾਰਵਾਈ ਬਾਰੇ ਜਾਣਕਾਰੀ ਲਈ

ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ
655 ਬੇਅ ਸਟ੍ਰੀਟ, 14ਵੀਂ ਮੰਜ਼ਿਲ
ਟੋਰੋਂਟੋ, ਓਨਟੇਰੀਓ M7A 2A3
ਫ਼ੋਨ: (416) 326-1312  ਟੌਲ-ਫ੍ਰੀ: 1-866-598-0322
ਟੀ.ਟੀ.ਵਾਈ. (ਸਥਾਨਕ): (416) 326-2027  ਟੀ.ਟੀ.ਵਾਈ. (ਟੌਲ-ਫ੍ਰੀ): 1-866-607-1240
ਫ਼ੈਕਸ: (416) 326-2199  ਫ਼ੈਕਸ (ਟੌਲ-ਫ੍ਰੀ): 1-866-355-6099
www.hrto.ca

## ਮਦਦ ਹਾਸਲ ਕਰਨਾ

ਜੇ ਤੁਹਾਡੇ ਨਾਲ ਵਿਤਕਰਾ ਹੋਇਆ ਹੈ ਅਤੇ ਤੁਹਾਨੂੰ ਹਿਊਮਨ ਰਾਈਟਸ ਟ੍ਰਿਬਿਊਨਲ ਆਫ਼ ਓਨਟੇਰੀਓ ਕੋਲ ਅਰਜ਼ੀ ਦਾਇਰ ਕਰਨ ਲਈ ਕਾਨੂੰਨੀ ਮਦਦ ਚਾਹੀਦੀ ਹੈ ਜਾਂ ਹਿਊਮਨ ਰਾਈਟਸ ਕੋਡ ਤਹਿਤ ਕਿਸੇ ਵਿਤਕਰੇ ਦੇ ਮਾਮਲੇ ਦੇ ਹੱਲ ਲਈ ਕਾਨੂੰਨੀ ਮਸ਼ਵਰਾ ਚਾਹੀਦਾ ਹੋਵੇ ਤਾਂ ਲੀਗਲ ਸੈਂਟਰ ਨਾਲ ਸੰਪਰਕ ਕਰੋ ਜੀ।

ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ
400 ਯੂਨੀਵਰਸਿਟੀ ਐਵੇਨਿਊ, 7ਵੀਂ ਮੰਜ਼ਿਲ
ਟੋਰੰਟੋ,ਓਨਟੇਰੀਓ, M7A 1X8
ਫ਼ੋਨ: (416) 314-6266 ਟੋਲ-ਫ੍ਰੀ: 1-866—625-5179
ਟੀ.ਟੀ.ਵਾਈ.: (416) 314-6651 ਟੀ.ਟੀ.ਵਾਈ. ਟੋਲ-ਫ੍ਰੀ: 1-866 612-8627
www.hrlsc.on.ca

ਜੇ ਤੁਸੀਂ ਨਿਜੀ ਇੰਟਰਵਿਊ ਦਾ ਇੰਤਜ਼ਾਮ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਉਪ੍ਰੋਕਤ ਦੱਸੇ ਨੰਬਰਾਂ 'ਤੇ ਸਾਡੇ ਨਾਲ ਸੰਪਰਕ ਕਰਨਾ ਚਾਹੀਦਾ ਹੈ। ਜੇ ਤੁਸੀਂ ਗ੍ਰੇਟਰ ਟੋਰੰਟੋ ਏਰੀਆ ਦੇ ਬਾਹਰ ਰਹਿੰਦੇ ਹੋਵੋਂ ਤਾਂ ਸਾਡੇ ਨਾਲ ਸੰਪਰਕ ਕਰੋ ਅਤੇ ਅਸੀਂ ਤੁਹਾਡੇ ਨਾਲ ਵਿਚਾਰ ਕਰਾਂਗੇ ਕਿ ਤੁਹਾਡੀਆਂ ਲੋੜਾਂ ਕਿਵੇਂ ਪੂਰੀਆਂ ਕਰਨੀਆਂ ਹਨ। ਅਸੀਂ ਹਰ ਕੋਸ਼ਿਸ਼ ਕਰਾਂਗੇ ਕਿ ਤੁਹਾਨੂੰ ਤੁਹਾਡੇ ਨਗਰ ਵਿੱਚ ਹੀ ਢੁਕਵੀਂ ਸੇਵਾ ਪ੍ਰਦਾਨ ਕੀਤੀ ਜਾਵੇ। ਅਸੀਂ 140 ਬੋਲੀਆਂ ਵਿੱਚ ਸੇਵਾਵਾਂ ਪੇਸ਼ ਕਰਦੇ ਹਾਂ।

## ਵਧੇਰੇ ਜਾਣਕਾਰੀ

ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ ਕੋਲ *ਹਿਊਮਨ ਰਾਈਟਸ ਕੋਡ* ਬਾਰੇ ਸਾਧਾਰਨ ਜਾਣਕਾਰੀ ਹੈ। ਖਾਸ ਕਰ, ਉਨਾਂ ਦੀ ਵੈੱਬਸਾਈਟ www.ohrc.on.ca 'ਤੇ ਗਰਭ ਅਤੇ ਛਾਤੀ ਦਾ ਦੁੱਧ ਚੁੰਘਾਉਣ (Pregnancy and Breastfeeding) ਅਤੇ ਪਰਿਵਾਰਕ ਰੁਤਬੇ (Family Status) ਬਾਰੇ ਦਸਤਾਵੇਜ਼ ਵੇਖੋ।

ਓਨਟੇਰੀਓ ਹਿਊਮਨ ਰਾਈਟਸ ਕਮਿਸ਼ਨ
180 ਡੰਡਸ ਸਟ੍ਰੀਟ, 7ਵੀਂ ਮੰਜ਼ਿਲ
ਟੋਰੰਟੋ, ਓਨਟੇਰੀਓ, M7A 2R9
ਸਥਾਨਕ: (416) 326-9511
ਟੋਲ-ਫ੍ਰੀ (1-800-387-9080
ਟੀ.ਟੀ.ਵਾਈ. (ਸਥਾਨਕ): (416) 314-6526
ਟੀ.ਟੀ.ਵਾਈ. (ਟੋਲ-ਫ੍ਰੀ): 1-800-308-5561

---

*ਇਸ ਦਸਤਾਵੇਜ਼ ਨੂੰ ਹਿਊਮਨ ਰਾਈਟਸ ਲੀਗਲ ਸੱਪੋਰਟ ਸੈਂਟਰ ਵੱਲੋਂ ਐਕਸੈੱਸ ਅਲਾਇੰਸ ਮਲਟੀਕਲਚਰਲ ਹੈਲਥ ਐਂਡ ਕਮਿਊਨਿਟੀ ਸਰਵਿਸਿਜ਼ (2009) ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ।*

ਹਿਊਮਨ ਰਾਈਟਸ
ਲੀਗਲ ਸੱਪੋਰਟ ਸੈਂਟਰ

Access Alliance
Multicultural Health and Community Services